**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਪ੍ਰਿੰਸੀਪਲ /ਸਕੂਲ ਮੁੱਖੀ, ਪੰਜਾਬ।
   (ਵੈਬਸਾਈਟ ਰਾਹੀਂ)

ਮੀਮੋ ਨੰ: 15/86-2015 ਕੋ (1)/2020 ੧੦੪੭੦
ਮਿਤੀ. ੦੪.੦੧.੨੦੨੦

**ਵਿਸ਼ਾ: ਸਰਕਾਰੀ ਕਰਮਚਾਰੀਆਂ ਨੂੰ ਮੈਡੀਕਲ ਆਧਾਰ ਤੇ ਛੁੱਟੀਆਂ ਦੇਣ ਸਬੰਧੀ।**

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰ: 15/86-2015 ਕੋ (1) ਮਿਤੀ 08.01.2019 ਅਤੇ 30.01.2019 ਦੀ ਲਗਾਤਾਰਤਾ ਵਿੱਚ।

2. ਡਾਇਰੈਕਟੋਰੇਟ ਸਿੱਖਿਆ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ Misinterpret (ਭਾਵ ਅੱਲਗ ਅੱਲਗ ਅਰਥ ਕੱਢੇ ਜਾ ਰਹੇ ਹਨ) ਕੀਤਾ ਜਾ ਰਿਹਾ ਹੈ। ਇਨ੍ਹਾਂ ਹਦਾਇਤਾਂ ਨੂੰ ਜਾਰੀ ਕਰਨ ਦਾ ਇਹ ਬਿਲਕੁਲ ਮੰਤਵ ਨਹੀਂ ਸੀ ਕਿ ਜਾਇਜ਼ ਕੇਸਾਂ ਵਿੱਚ ਲੋੜਵੰਦ ਕਰਮਚਾਰੀਆਂ ਨੂੰ ਬਿਮਾਰੀ ਦੀ ਸੂਰਤ ਵਿੱਚ ਛੁੱਟੀ ਨਾ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕੀਤਾ ਜਾਵੇ ਬਲਕਿ ਮੁੱਖ ਮੰਤਵ ਇਹ ਸੀ ਕਿ ਸਬੰਧਤ ਮੁੱਖੀਆਂ ਨੂੰ ਮੈਡੀਕਲ ਆਧਾਰ ਤੇ ਛੁੱਟੀਆਂ ਮੰਨਜੂਰ ਕਰਨ ਸਬੰਧੀ ਪੰਜਾਬ ਸਿਵਲ ਸੇਵਾਵਾਂ ਵਿੱਚ ਦਰਜ ਨਿਯਮਾਂ ਬਾਰੇ ਜਾਣੂੰ ਕਰਵਾਇਆ ਜਾਵੇ ਅਤੇ ਬਿਨਾਂ ਕਿਸੇ ਜਾਇਜ਼ ਆਧਾਰ ਤੇ ਕਰਮਚਾਰੀਆਂ ਨੂੰ ਪ੍ਰਾਈਵੇਟ ਡਾਕਟਰਾਂ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਤੇ ਅਜਿਹੀ ਛੁੱਟੀਆਂ ਪ੍ਰਾਪਤ ਕਰਨ ਤੋਂ ਰੋਕਿਆ ਜਾਵੇ।

3. ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਨੂੰ ਹੇਠ ਅਨੁਸਾਰ ਸੋਧਿਆ ਸਮਝਿਆ ਜਾਵੇ:-

   (ੳ) ਜੇਕਰ ਛੁੱਟੀ ਮੰਨਜੂਰ ਕਰਨ ਵਾਲੀ ਅਥਾਰਟੀ ਨੂੰ ਇਹ ਤਸੱਲੀ ਹੋ ਜਾਵੇ ਕਿ ਸਬੰਧਤ ਕਰਮਚਾਰੀ ਵੱਲੋਂ ਆਪਣੀ ਬਿਮਾਰੀ ਦੀ ਸੂਰਤ ਵਿੱਚ ਉਸ ਵੱਲੋਂ ਕੇਵਲ ਤਿੰਨ ਦਿਨਾਂ ਦੀ ਛੁੱਟੀ ਅਪਲਾਈ ਕੀਤੀ ਹੈ ਤਾਂ ਅਜਿਹੀ ਛੁੱਟੀ ਬਿਨ੍ਹਾ ਮੈਡੀਕਲ ਸਰਟੀਫਿਕੇਟ ਦੇ ਵੀ ਮੰਨਜੂਰ ਕੀਤੀ ਜਾ ਸਕਦੀ ਹੈ, ਪਰੰਤੂ ਅਜਿਹੀ ਛੁੱਟੀ ਨੂੰ ਮੈਡੀਕਲ ਆਧਾਰ ਤੇ ਪ੍ਰਾਪਤ ਕੀਤੀ ਗਈ ਛੁੱਟੀ ਨਹੀਂ ਮੰਨਿਆ ਜਾਵੇਗਾ ਜਿਵੇਂ ਕਿ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1, ਭਾਗ-1 ਦੇ ਨਿਯਮ 8.16 (2) ਵਿੱਚ ਸਮੱਸ਼ਟ ਕੀਤਾ ਹੋਇਆ ਹੈ।

(ਅ) ਸਰਕਾਰੀ ਹਸਪਤਾਲਾਂ ਦੇ ਮੈਡੀਕਲ ਅਫਸਰਾਂ ਵੱਲੋਂ ਦਿੱਤਾ ਮੈਡੀਕਲ ਸਰਟੀਫਿਕੇਟ ਜਾਇਜ਼ ਮੰਨਿਆਂ ਜਾਵੇਗਾ।

(ੲ) ਜੇਕਰ ਕਿਸੇ ਸਰਕਾਰੀ ਕਰਮਚਾਰੀ ਜਾਂ ਉਸ ਦੇ ਪਰਿਵਾਰ ਦੇ ਮੈਂਬਰਾਂ ਦਾ ਕੋਈ ਆਪਰੇਸ਼ਨ ਆਦਿ ਦੀ ਸਬੰਧਤ ਹਸਪਤਾਲ ਵੱਲੋਂ ਪਹਿਲਾਂ ਹੀ ਤਾਰੀਖ ਮੁਕਰੱਰ ਕੀਤੀ ਜਾ ਚੁੱਕੀ ਹੋਵੇ ਤਾਂ ਅਜਿਹੀ ਸੂਰਤ ਵਿੱਚ ਸਬੰਧਤ ਡਾਕਟਰ ਦੀ ਸਿਫਾਰਸ਼ ਦੇ ਆਧਾਰ ਤੇ ਮੈਡੀਕਲ ਛੁੱਟੀ ਸਬੰਧਤ ਦਫਤਰ ਦੇ ਮੁੱਖੀ ਵੱਲੋਂ ਮੰਨਜੂਰ ਕਰ ਦਿੱਤੀ ਜਾਵੇਗੀ।

(ਸ) ਕਿਸੇ ਕਰਮਚਾਰੀ/ਅਧਿਆਪਕ ਨੂੰ ਕੇਵਲ ਜਾਇਜ਼ ਕੇਸਾਂ ਵਿੱਚ ਹੀ ਮੈਡੀਕਲ ਆਧਾਰ ਤੇ ਕੇਵਲ 10 ਦਿਨਾਂ ਲਈ ਛੁੱਟੀ ਸਬੰਧਤ ਸਕੂਲ ਮੁੱਖੀ ਵੱਲੋਂ ਪ੍ਰਦਾਨ ਕੀਤੀ ਜਾਵੇਗੀ ਅਤੇ ਇਸ ਤੋਂ ਵੱਧ ਸਮੇਂ ਲਈ ਛੁੱਟੀ, ਸਮਰੱਥ ਮੈਡੀਕਲ ਅਫਸਰ ਵੱਲੋਂ ਦਿੱਤੇ ਗਏ ਸਰਟੀਫਿਕੇਟ ਦੇ ਆਧਾਰ ਤੇ ਸਬੰਧਤ ਡੀ.ਪੀ.ਆਈ. ਦੀ ਬਜਾਏ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੇ ਪੱਧਰ ਤੇ ਮੰਨਜੂਰ ਕੀਤੀ ਜਾਵੇਗੀ।

ਨੋਟ:- **(1) ਮੈਡੀਕਲ ਆਧਾਰ ਤੇ ਛੁੱਟੀ ਵੀ ਆਨ ਲਾਈਨ ਅਪਲਾਈ ਕੀਤੀ ਜਾਵੇਗੀ ਅਤੇ ਆਫ ਲਾਈਨ ਤੇ ਕੋਈ ਅਰਜੀ ਸਵੀਕਾਰ ਨਹੀਂ ਹੋਵੇਗੀ।**

**(2) ਉਪਰੋਕਤ ਹਦਾਇਤਾਂ ਸਬੰਧਤ ਕਰਮਚਾਰੀਆਂ/ਅਧਿਆਪਕਾਂ ਦੇ ਗੰਭੀਰ ਬਿਮਾਰੀਆਂ ਤੋਂ ਪੀੜਤ ਜਿਵੇਂ ਕਿ ਕੈਂਸਰ ਦੇ ਮਰੀਜਾਂ, ਦਿਲ ਦੇ ਮਰੀਜਾਂ, ਦੁਰਘਟਨਾਵਾਂ ਦੇ ਕੇਸਾਂ, ਹਸਪਤਾਲ ਵਿੱਚ ਦਾਖਲ ਹੋਣ ਦੀ ਸੂਰਤ ਵਿੱਚ ਲਾਗੂ ਨਹੀਂ ਹੋਣਗੀਆਂ।**

8.1.2020

ਸਹਾਇਕ ਡਾਇਰੈਕਟਰ (ਕੋ .ਸ਼ਾਖਾ)

ਪਿੱਠ ਅੰਕਣ ਨੰ: ਉਕਤ /10280 ਮਿਤੀ 08.01.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।

8.1.2020

ਸਹਾਇਕ ਡਾਇਰੈਕਟਰ (ਕੋ.ਸ਼ਾਖਾ)